# ਵੈਕਸਿਨ ਸੁਰੱਖਿਆ ਜਾਣਕਾਰੀ
# ਕੈਨੇਡਾ ਸਰਕਾਰ ਪਬਲਿਕ ਸਿਹਤ

Government of Canada Gouvernement du Canada

## ਕੋਰੋਨਾਵਾਇਰਸ ਬਿਮਾਰੀ (ਕੋਵਿਡ-19) ਵੈਕਸਿਨਾਂ: ਸਮੀਖਿਆ

ਕੋਵਿਡ-19 ਵੈਕਸਿਨਾਂ ਸੁਰੱਖਿਅਤ ਅਤੇ ਅਸਰਦਾਰ ਹਨ। 2021 ਦੇ ਵਿੱਚ ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਦੇ ਲਈ ਮੁਫਤ ਵਿੱਚ ਸੁਰੱਖਿਅਤ ਵੈਕਸਿਨ ਉਪਲਬਧ ਕਰਵਾਈ ਜਾਵੇਗੀ। ਜੱਦ ਤੱਕ ਵਿਆਪਕ ਸਤਰ ਦੀ ਇਮੀਊਨਾਈਜ਼ੇਸ਼ਨ ਪ੍ਰਾਪਤ ਨਹੀਂ ਹੋ ਜਾਂਦੀ, ਕੈਨੇਡਾ ਵਿੱਚ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਅਤੇ ਜ਼ਿੰਦਗੀਆਂ ਬਚਾਉਣ ਦੇ ਲਈ ਪਬਲਿਕ ਸਿਹਤ ਉਪਾਅ ਜ਼ਰੂਰੀ ਰਹਿਣੇ ਜਾਰੀ ਰਹਿਣਗੇ।

## ਕੈਨੇਡਾ ਵਿੱਚ ਪ੍ਰਮਾਣਿਤ ਕੋਵਿਡ-19 ਵੈਕਸਿਨਾਂ

ਕੈਨੇਡਾ ਦੀ ਸੁਤੰਤਰ ਪ੍ਰਮਾਣੀਕਰਨ ਪ੍ਰਕਿਰਿਆ ਨੂੰ ਵਿਸ਼ਵ ਭਰ ਵਿੱਚ ਇਸਦੇ ਉੱਚ ਮਿਆਰਾਂ ਅਤੇ ਕਠੋਰ ਸਮੀਖਿਆ ਕਰਕੇ ਪਛਾਣਿਆ ਜਾਂਦਾ ਹੈ। ਇਸ ਵੈਕਸਿਨ ਦੀ ਮੰਜ਼ੂਰੀ ਨੂੰ ਇਸ ਦੇ ਸੁਰੱਖਿਅਤ, ਅਸਰਦਾਰ ਅਤੇ ਵਧੀਆ ਗੁਣਵੱਤਾ ਦੇ ਹੋਣ ਦੇ ਸਬੂਤ ਨਾਲ ਸਮਰਥਿਤ ਕੀਤਾ ਜਾਂਦਾ ਹੈ।
ਪ੍ਰਮਾਣਿਤ ਵੈਕਸਿਨਾਂ ਦੀ ਸੂਚੀ

- Pfizer-BioNtech ਕੋਵਿਡ-19 ਵੈਕਸਿਨ 9 ਦਿਸੰਬਰ, 2020 ਨੂੰ ਮੰਜ਼ੂਰ ਕੀਤੀ ਗਈ
- Moderna ਕੋਵਿਡ-19 ਵੈਕਸਿਨ 23 ਦਿਸੰਬਰ, 2020 ਨੂੰ ਮੰਜ਼ੂਰ ਕੀਤੀ ਗਈ

**ਦੋਨੋਂ ਵੈਕਸਿਨਾਂ ਲਈ 2 ਸ਼ੌਟ ਚਾਹੀਦੇ ਹਨ। ਸਮਾਂ ਆਉਣ 'ਤੇ ਸਰਕਾਰੀ ਸਿਹਤ ਅਧਿਕਾਰੀ ਤੁਹਾਨੂੰ ਪਹਿਲਾਂ ਸ਼ੁਰੂਆਤੀ ਵੈਕਸਿਨ ਅਤੇ ਫਿਰ ਇੱਕ ਨਿਰਧਾਰਤ ਸਮੇਂ 'ਤੇ ਬੂਸਟਰ ਦੇਣਗੇ।**

## Pfizer-BioNTech ਕੋਵਿਡ-19 ਵੈਕਸਿਨ ਦੇ ਬਾਰੇ

Pfizer-BioNTech ਕੋਵਿਡ-19 mRNA ਵੈਕਸਿਨ (Tozinameran ਜਾਂ BNT162b2) ਦੀ ਵਰਤੋਂ ਕੋਵਿਡ-19 ਨੂੰ ਰੋਕਣ ਦੇ ਲਈ ਕੀਤੀ ਜਾਂਦੀ ਹੈ। ਇਹ ਬਿਮਾਰੀ ਗੰਭੀਰ ਐਕਿਊਟ ਰੈਸਪੀਰੇਟਰੀ ਸਿੰਡਰੋਮ ਕੋਰੋਨਾਵਾਇਰਸ 2 (ਸਾਰਸ-ਕੋਵ-2) ਦੇ ਕਰਕੇ ਹੁੰਦੀ ਹੈ। ਇਸ ਵੈਕਸਿਨ ਨੂੰ 16 ਜਾਂ ਵੱਧ ਸਾਲਾਂ ਦੇ ਲੋਕਾਂ ਦੇ ਲਈ ਮੰਜ਼ੂਰ ਕੀਤਾ ਗਿਆ ਹੈ। 16 ਸਾਲਾਂ ਤੋਂ ਘੱਟ ਉਮਰ ਦੇ ਲੋਕਾਂ ਦੇ ਵਿੱਚ ਇਸਦੀ ਸੁਰੱਖਿਆ ਅਤੇ ਅਸਰ ਨੂੰ ਹਾਲੇ ਨਿਰਧਾਰਤ ਨਹੀਂ ਕੀਤਾ ਗਿਆ ਹੈ। Pfizer-BioNTech ਕੋਵਿਡ-19 ਵੈਕਸਿਨ ਨੂੰ Pfizer ਕੈਨੇਡਾ ULC ਅਤੇ BioNTech ਮੈਨੂਫੈਕਚਰਿੰਗ GmbH ਵੱਲੋਂ ਤਿਆਰ ਕੀਤਾ ਗਿਆ ਹੈ। ਹੈਲਥ ਕੈਨੇਡਾ ਨੇਕੋਵਿਡ-19 ਦੇ ਸੰਬੰਧ ਵਿੱਚ ਵਰਤੋਂ ਦੇ ਲਈ ਦਵਾਈਆਂ ਦੇ ਆਯਾਤ, ਵਿਕਰੀ ਅਤੇ ਵਿਗਿਆਪਨ ਦੇ ਅੰਤਰਿਮ ਆਦੇਸ਼ਦੇ ਅਧੀਨ 9 ਦਿਸੰਬਰ, 2020 ਨੂੰ ਸ਼ਰਤਾਂ ਦੇ ਨਾਲ ਇਸ ਵੈਕਸਿਨ ਨੂੰ ਪ੍ਰਮਾਣਿਤ ਕੀਤਾ। ਕੋਵਿਡ-19 ਵੈਕਸਿਨਾਂ ਅਤੇ ਇਲਾਜਾਂ ਦੇ ਲਈ ਨਿਯੰਤਰਕ ਪੋਰਟਲਵਿੱਚ Pfizer-BioNTech ਵੈਕਸਿਨ ਦੇ ਬਾਰੇ ਵਿਸਤ੍ਰਿਤ ਤਕਨੀਕੀ ਜਾਣਕਾਰੀ ਦੇਖੋ, ਜਿਵੇਂ ਕਿ ਉਤਪਾਦ ਦਾ ਮੋਨੋਗ੍ਰਾਫ ਅਤੇ ਸਾਡਾ ਨਿਯੰਤਰਕ ਫੈਸਲਾ ਸਾਰ।
**ਸਮੱਗਰੀਆਂ ਅਤੇ Pfizer ਵੈਕਸਿਨ ਦੇ ਬਾਰੇ ਹੋਰ ਜਾਣਕਾਰੀ**

## Moderna ਕੋਵਿਡ-19 ਵੈਕਸਿਨ ਦੇ ਬਾਰੇ ਜਾਣਕਾਰੀ

Moderna ਕੋਵਿਡ-19 ਵੈਕਸਿਨ (mRNA-1273) ਦੀ ਵਰਤੋਂ ਕੋਵਿਡ-19 ਨੂੰ ਰੋਕਣ ਦੇ ਲਈ ਕੀਤੀ ਜਾਂਦੀ ਹੈ। ਇਹ ਬਿਮਾਰੀ ਗੰਭੀਰ ਐਕਿਊਟ ਰੈਸਪੀਰੇਟਰੀ ਸਿੰਡਰੋਮ ਕੋਰੋਨਾਵਾਇਰਸ 2 (ਸਾਰਸ-ਕੋਵ-2) ਦੇ ਕਰਕੇ ਹੁੰਦੀ ਹੈ। ਇਸ ਵੈਕਸਿਨ ਨੂੰ 18 ਜਾਂ ਵੱਧ ਸਾਲਾਂ ਦੇ ਲੋਕਾਂ ਦੇ ਲਈ ਮੰਜ਼ੂਰ ਕੀਤਾ ਗਿਆ ਹੈ। 18 ਸਾਲਾਂ ਤੋਂ ਘੱਟ ਉਮਰ ਦੇ ਲੋਕਾਂ ਦੇ ਵਿੱਚ ਇਸਦੀ ਸੁਰੱਖਿਆ ਅਤੇ ਅਸਰ ਨੂੰ ਹਾਲੇ ਨਿਰਧਾਰਤ ਨਹੀਂ ਕੀਤਾ ਗਿਆ ਹੈ। Moderna ਕੋਵਿਡ-19 mRNA ਵੈਕਸਿਨ ਨੂੰ Moderna Therapeutics Inc. ਵੱਲੋਂ ਤਿਆਰ ਕੀਤਾ ਗਿਆ ਹੈ। ਹੈਲਥ ਕੈਨੇਡਾ ਨੇਕੋਵਿਡ-19 ਦੇ ਸੰਬੰਧ ਵਿੱਚ ਵਰਤੋਂ ਦੇ ਲਈ ਦਵਾਈਆਂ ਦੇ ਆਯਾਤ, ਵਿਕਰੀ ਅਤੇ ਵਿਗਿਆਪਨ ਦੇ ਅੰਤਰਿਮ ਆਦੇਸ਼ਦੇ ਅਧੀਨ 23 ਦਿਸੰਬਰ, 2020 ਨੂੰ ਸ਼ਰਤਾਂ ਦੇ ਨਾਲ ਇਸ ਵੈਕਸਿਨ ਨੂੰ ਪ੍ਰਮਾਣਿਤ ਕੀਤਾ।
ਕੋਵਿਡ-19 ਵੈਕਸਿਨਾਂ ਅਤੇ ਇਲਾਜਾਂ ਦੇ ਲਈ ਨਿਯੰਤਰਕ ਪੋਰਟਲਵਿੱਚ Moderna ਵੈਕਸਿਨ ਦੇ ਬਾਰੇ ਵਿਸਤ੍ਰਿਤ ਤਕਨੀਕੀ ਜਾਣਕਾਰੀ ਦੇਖੋ, ਜਿਵੇਂ ਕਿ ਉਤਪਾਦ ਦਾ ਮੋਨੋਗ੍ਰਾਫ ਅਤੇ ਸਾਡਾ ਨਿਯੰਤਰਕ ਫੈਸਲਾ ਸਾਰ।
**ਸਮੱਗਰੀਆਂ ਅਤੇ Moderna ਵੈਕਸਿਨ ਦੇ ਬਾਰੇ ਹੋਰ ਜਾਣਕਾਰੀ**

## ਕੋਵਿਡ-19 ਵੈਕਸਿਨ ਦੀ ਸੁਰੱਖਿਆ ਅਤੇ ਅਸਰ ਦੀ ਜਾਂਚ ਕਰਨਾ

ਹੈਲਥ ਕੈਨੇਡਾ ਕੋਵਿਡ-19 ਵੈਕਸਿਨਾਂ ਦੀ ਸੁਰੱਖਿਆ ਅਤੇ ਅਸਰ ਦੀ ਜਾਂਚ ਕਰਦਾ ਹੈ।
ਕੋਵਿਡ-19 ਮਹਾਮਾਰੀ ਦੇ ਦੌਰਾਨ, ਅਸੀਂ ਹੇਠਲੇ ਕਾਰਕਾਂ ਵਿੱਚ ਵਾਧਾ ਕੀਤਾ ਹੈ:

- ਉੱਭਰ ਰਹੀਆਂ ਸੁਰੱਖਿਆ ਸਮੱਸਿਆਵਾਂ ਦੇ ਬਾਰੇ ਸਾਡੀ ਜਾਂਚ ਅਤੇ ਮੁਲਾਂਕਣ ਗਤੀਵਿਧੀਆਂ, ਅਤੇ
- ਇੱਥੇ ਕੈਨੇਡਾ ਵਿੱਚ ਅਤੇ ਵਿਸ਼ਵ ਭਰ ਵਿੱਚ ਸਾਡੇ ਭਾਈਵਾਲਾਂ ਜਿਵੇਂ ਕਿ ਵਿਸ਼ਵ ਸਿਹਤ ਸੰਸਥਾ ਦੇ ਨਾਲ ਸਹਿਯੋਗ ਅਤੇ ਜਾਣਕਾਰੀ-ਸਾਂਝੀਕਰਨ

ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਲਈ ਵੈਕਸਿਨਾਂ ਨੂੰ ਸੁਰੱਖਿਅਤ ਕਰਨਾ
ਅਸੀਂ ਸੂਬਿਆਂ, ਪ੍ਰਦੇਸ਼ਾਂ, ਫਸਟ ਨੇਸ਼ਨਜ਼, ਇਨਿਊਟ ਅਤੇ ਮੇਟਿਸ ਲੀਡਰਾਂ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਜਿੰਨੀ ਜਲਦੀ ਹੋ ਸਕੇ ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਦੇ ਲਈ ਡੋਜ਼ ਨੂੰ ਉਪਲਬਧ ਕਰਵਾਇਆ ਜਾ ਸਕੇ। ਅਸੀਂ ਕਈ ਤਰ੍ਹਾਂ ਦੀ ਬਿਮਾਰੀਆਂ ਦੇ ਲਈ ਦੇਸ਼ ਭਰ ਵਿੱਚ ਲਾਗੂ ਸਥਾਪਤ ਵੈਕਸੀਨੇਸ਼ਨ ਪ੍ਰੋਗ੍ਰਾਮਾਂ ਦੀ ਵਰਤੋਂ ਕਰ ਰਹੇ ਹਾਂ।

- ਕੈਨੇਡਾ ਦੇ ਵੈਕਸਿਨ ਅਤੇ ਸਪਲਾਈ ਸਮਝੌਤੇ
- ਰੋਲਆਊਟ ਵੇਰਵੇ

**ਕੈਨੇਡਾ ਪਬਲਿਕ ਸਿਹਤ ਸਰਕਾਰ ਵੱਲੋਂ ਕੋਵਿਡ-19 ਵੈਕਸਿਨ ਬਾਰੇ ਹੋਰ ਜਾਣਕਾਰੀ**
https://www.canada.ca/en/public-health.html
**ਇਹ ਜਾਣਕਾਰੀ ਮਸ਼ਰੂਮਜ਼ ਕੈਨੇਡਾ ਵੱਲੋਂ ਖੋਜੀ ਅਤੇ ਤੁਹਾਨੂੰ ਮੁਹੱਈਆ ਕਰਵਾਈ ਗਈ ਹੈ**

mushrooms.canada

# ਵੈਕਸਿਨ ਸੁਰੱਖਿਆ ਜਾਣਕਾਰੀ
# ਓਂਟਾਰੀਓ ਸਰਕਾਰ

Ontario

## ਸਮੀਖਿਆ

ਵੈਕਸੀਨੇਸ਼ਨ ਨੂੰ ਕੋਵਿਡ-19ਕੋਵਿਡ 19 ਨੂੰ ਫੈਲਣ ਤੋਂ ਰੋਕਣ ਅਤੇ ਇਸਦੇ ਅਸਰ ਨੂੰ ਖਤਮ ਕਰਨ ਲਈ ਇੱਕ ਅਸਰਦਾਰ ਤਰੀਕਾ ਮੰਨਿਆ ਜਾਂਦਾ ਹੈ। **ਕੇਵਲ ਉਹਨਾਂ ਵੈਕਸਿਨਾਂ ਨੂੰ ਕੈਨੇਡਾ ਵਿੱਚ ਵਰਤੋਂ ਲਈ ਮੰਜ਼ੂਰ ਕੀਤਾ ਜਾਵੇਗਾ ਅਤੇ ਓਂਟਾਰੀਓ ਵਿੱਚ ਉਪਲਬਧ ਕਰਵਾਇਆ ਜਾਵੇਗਾ, ਜਿੰਨ੍ਹਾਂ ਨੂੰ ਹੈਲਥ ਕੈਨੇਡਾ ਸੁਰੱਖਿਅਤ ਅਤੇ ਅਸਰਦਾਰ ਵਜੋਂ ਨਿਰਧਾਰਤ ਕਰੇਗਾ।**

ਇਸ ਤੋਂ ਭਾਵ ਹੈ ਕਿ ਵੈਕਸਿਨਾਂ:

- ਨੂੰ ਵਿਆਪਕ ਕਲੀਨਿਕਲ ਜਾਂਚਾ ਦੇ ਰਾਹੀਂ ਬਹੁਤ ਵੱਡੀ ਸੰਖਿਆ ਵਿੱਚ ਲੋਕਾਂ 'ਤੇ ਟੈਸਟ ਕੀਤਾ ਗਿਆ ਸੀ
- ਨੇ ਸੁਰੱਖਿਆ ਸਮੇਤ ਮੰਜ਼ੂਰੀ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰ ਲਿਆ ਹੈ
- ਨੂੰ ਵੈਕਸੀਨੇਸ਼ਨ ਤੋਂ ਬਾਅਦ ਹੋ ਸਕਣ ਵਾਲੀਆਂ ਪ੍ਰਤੀਕੂਲ ਪ੍ਰਤੀਕਿਰਿਆਵਾਂ ਦੇ ਲਈ ਜਾਂਚਿਆ ਜਾਵੇਗਾ ਅਤੇ ਉਚਿਤ ਉਪਰਾਲੇ ਕੀਤੇ ਜਾਣਗੇ

ਦੋਨੋਂ ਵੈਕਸਿਨਾਂ ਦੀਆਂ ਦੋ ਡੋਜ਼ ਦੇਣ ਦੀ ਲੋੜ ਹੈ ਤਾਂ ਜੋ ਤੁਹਾਡਾ ਸਰੀਰ ਉਚਿਤ ਪ੍ਰਤੀਰੋਧ ਸ਼ਕਤੀ ਵਿਕਸਿਤ ਕਰ ਲਏ। ਦੋ ਡੋਜ਼ ਤੋਂ ਬਾਅਦ, ਉਹਨਾਂ ਦੇ 94-95% ਅਸਰਦਾਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਨਾਲ ਜਨਸੰਖਿਆ ਵਿੱਚ ਵਾਇਰਸ ਫੈਲਣ ਦੀ ਮਾਤਰਾ ਘਟੇਗੀ, ਸਮੂਹਕ ਪ੍ਰਤੀਰੋਧ ਸ਼ਕਤੀ ਵਿਕਸਿਤ ਹੋਣ ਵਿੱਚ ਅਤੇ ਮਹਾਮਾਰੀ ਨੂੰ ਰੋਕਣ ਵਿੱਚ ਸਹਾਇਤਾ ਮਿਲੇਗੀ।
ਇਹਨਾਂ ਦੋਨਾਂ ਦਾ ਨਿਰਮਾਣ ਬੈਲਜੀਅਮ ਵਿੱਚ ਕੀਤਾ ਗਿਆ ਸੀ।

ਹੈਲਥ ਕੈਨੇਡਾ ਦੀ ਵੈੱਬਸਾਈਟ ਤੋਂ ਵੈਕਸਿਨਾਂ ਦੇ ਬਾਰੇ ਹੋਰ ਜਾਣੋ।

## ਵੈਕਸਿਨ ਬਣਾਉਣ ਦੀ ਪ੍ਰਕਿਰਿਆ

ਆਮ ਤੌਰ 'ਤੇ ਨਵੀਂ ਵੈਕਸਿਨ ਬਣਨ ਵਿੱਚ ਕਈ ਸਾਲ ਲੱਗ ਜਾਂਦੇ ਹਨ। ਪਰ, ਕੋਵਿਡ-19ਕੋਵਿਡ 19 ਬਣਾਉਣ ਵਿੱਚ ਤਰੱਕੀ ਕਈ ਕਾਰਨਾਂ ਕਰਕੇ ਤੇਜ਼ੀ ਨਾਲ ਹੋ ਰਹੀ ਹੈ, ਜੋ ਕਿ ਹੇਠ ਲਿਖੇ ਹਨ:

- ਕੋਵਿਡ-19ਕੋਵਿਡ 19 ਤੋਂ ਪਹਿਲਾਂ ਕੋਰੋਨਾਵਾਇਰਸ ਦੀਆਂ ਹੋਰਾਂ ਕਿਸਮਾਂ ਜਿਵੇਂ ਕਿ ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (MERS) ਅਤੇ ਸਾਰਡ-ਕੋਵ (SARS) 'ਤੇ ਕਈ ਦਹਾਕਿਆਂ ਦੀ ਖੋਜ ਰਾਹੀਂ ਜਾਣਕਾਰ ਹੋਣ ਦੇ ਕਰਕੇ
- ਵਿਗਿਆਨ ਅਤੇ ਤਕਨਾਲੋਜੀ ਵਿੱਚ ਤਰੱਕੀਆਂ
- ਵਿਗਿਆਨੀਆਂ, ਸਿਹਤ ਪੇਸ਼ੇਵਰਾਂ, ਖੋਜਕਰਤਾਵਾਂ, ਉਦਯੋਗ ਅਤੇ ਸਰਕਾਰਾਂ ਦੇ ਵਿੱਚ ਅੰਤਰਰਾਸ਼ਟਰੀ ਸਹਿਯੋਗ
- ਸਿਦਕਵਾਨ ਫੰਡਿੰਗ ਵਿੱਚ ਵਾਧਾ

ਓਂਟਾਰੀਓ ਵਿੱਚ ਕਿਸੇ ਵੈਕਸਿਨ ਨੂੰ ਉਪਲਬਧ ਕਰਵਾਉਣ ਤੋਂ ਪਹਿਲਾਂ:

- ਉਹ ਕਠੋਰ ਕਲੀਨਿਕਲ ਜਾਂਚ ਵਿੱਚੋਂ ਲੰਘੇਗੀ ਤਾਂ ਜੋ ਯਕੀਨੀ ਕੀਤਾ ਜਾ ਸਕੇ ਕਿ ਉਹ ਸੁਰੱਖਿਅਤ ਅਤੇ ਅਸਰਦਾਰ ਹਨ
- ਉਹਨਾਂ ਦਾ ਹੈਲਥ ਕੈਨੇਡਾ ਵੱਲੋਂ ਕਠੋਰ ਮਾਪਦੰਡਾਂ ਦੀ ਵਰਤੋਂ ਕਰਦੇ ਹੋਏ ਮੁਲਾਂਕਣ ਕੀਤਾ ਜਾਵੇਗਾ ਅਤੇ ਵਰਤੋਂ ਦੇ ਲਈ ਪ੍ਰਮਾਣਿਤ ਕੀਤਾ ਜਾਵੇਗਾ

ਓਂਟਾਰੀਓ ਵਾਸੀਆਂ ਦੇ ਲਈ ਵੈਕਸਿਨਾਂ ਨੂੰ ਸੁਰੱਖਿਅਤ ਰੱਖਣ ਦੇ ਲਈ ਓਂਟਾਰੀਓ ਦੀ ਯੋਜਨਾ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਲੁੜੀਂਦੀਆਂ ਹਾਲਤਾਂ ਅਤੇ ਤਾਪਮਾਨਾਂ 'ਤੇ ਵੈਕਸਿਨਾਂ ਨੂੰ ਧਿਆਨ ਨਾਲ ਅਤੇ ਸੁਰੱਖਿਅਤ ਢੰਗ ਨਾਲ ਟ੍ਰਾਂਸਪੋਰਟ ਅਤੇ ਸਟੋਰ ਕਰਨਾ
- ਵੈਕਿਸਨਾਂ ਦੇਣ ਵਾਲੇ ਵਿਅਕਤੀਆਂ ਨੂੰ ਲੁੜੀਂਦੀ ਸਿਖਲਾਈ ਪ੍ਰਦਾਨ ਕਰਨ ਦੇ ਸਮੇਤ ਲੋਕਾਂ ਨੂੰ ਇਮੀਊਨਾਈਜ਼ੇਸ਼ਨ ਦੇਣ ਦੇ ਲਈ ਸੁਰੱਖਿਅਤ ਕਲੀਨਿਕ ਸਥਾਨ ਸਥਾਪਤ ਕਰਨਾ
- ਵੈਕਸੀਨੇਸ਼ਨ ਤੋਂ ਬਾਅਦ ਹੋ ਸਕਣ ਵਾਲੀਆਂ ਪ੍ਰਤੀਕੂਲ ਪ੍ਰਤੀਕਿਰਿਆਵਾਂ ਜਾਂ ਮਾੜੇ ਪ੍ਰਭਾਵਾਂ ਦੇ ਲਈ ਜਾਂਚ ਕਰਨਾ ਅਤੇ ਉਚਿਤ ਉਪਰਾਲੇ ਕਰਨਾ, ਜਿਸ ਵਿੱਚ ਫੈੱਡਰਲ ਸਰਕਾਰ ਅਤੇ ਹੋਰਾਂ ਸੂਬਿਆਂ ਅਤੇ ਪ੍ਰਦੇਸ਼ਾਂ ਦੇ ਨਾਲ ਕੰਮ ਕਰਨਾ ਵੀ ਸ਼ਾਮਲ ਹੈ

### ਹੈਲਥ ਕੈਨੇਡਾ ਸਾਰੀਆਂ ਪ੍ਰਮਾਣਤ ਵੈਕਸਿਨਾਂ ਦੀ ਜਾਂਚ ਕਰਨਾ ਜਾਰੀ ਰੱਖੇਗਾ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਉਹ ਸੁਰੱਖਿਅਤ ਅਤੇ ਅਸਰਦਾਰ ਹਨ।

mushrooms.canada

**ਓਂਟਾਰੀਓ ਸਰਕਾਰ ਵੱਲੋਂ ਕੋਵਿਡ-19 ਵੈਕਸਿਨ ਬਾਰੇ ਹੋਰ ਜਾਣਕਾਰੀ**
**https://covid-19.ontario.ca/covid-19-vaccine-safety**

**ਇਹ ਜਾਣਕਾਰੀ ਮਸ਼ਰੂਮਜ਼ ਕੈਨੇਡਾ ਵੱਲੋਂ ਖੋਜੀ ਅਤੇ ਤੁਹਾਨੂੰ ਮੁਹੱਈਆ ਕਰਵਾਈ ਗਈ ਹੈ**